**ਡਾਇਰੈਕਟੋਰੇਟ, ਪਸ਼ੂ ਪਾਲਣ, ਪੰਜਾਬ**
**(ਵਿਕਾਸ ਸ਼ਾਖਾ)**

ਸੇਵਾ ਵਿਖੇ,

ਸਮੂਹ ਡਿਪਟੀ ਡਾਇਰੈਕਟਰ, ਪਸ਼ੂ ਪਾਲਣ,
ਜ਼ਿਲ੍ਹਾ ਪੱਧਰ, ਪੰਜਾਬ ।

ਮੀਮੋ ਨੰਬਰ :1/1/2018-ਡੀ-1/ ਮਿਤੀ :-

ਵਿਸ਼ਾ:- ਐਫ.ਐਮ.ਡੀ.-ਸੀ.ਪੀ. ਦੇ 22ਵੇ ਰਾਊਂਡ ਤਹਿਤ ਵੈਕਸੀਨ ਦੀ ਸਪਲਾਈ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਸਬੰਧਤ ਫ਼ਰਮ ਵੱਲੋਂ ਆਪ ਦੇ ਜ਼ਿਲ੍ਹਾ ਹੈਡਕੁਆਟਰ ਤੇ ਮਾਰਚ, 2018 ਦੇ ਦੂਜੇ ਹਫਤੇ ਤੱਕ ਐਫ.ਐਮ.ਡੀ.-ਸੀ.ਪੀ. ਦੇਂ 22ਵੇਂ ਰਾਊਂਡ ਤਹਿਤ ਐਫ.ਐਮ.ਡੀ. ਵੈਕਸੀਨ ਦੀ ਸਪਲਾਈ ਕਰ ਦਿੱਤੀ ਜਾਵੇਗੀ। ਇਸ ਸਬੰਧ ਵਿੱਚ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਜ਼ਿਲ੍ਹੇ ਨੂੰ ਸਪਲਾਈ ਹੋਣ ਵਾਲੀ ਵੈਕਸੀਨ ਨੂੰ ਸਟੋਰ ਕਰਨ ਲਈ ਹੇਠ ਲਿਖੇ ਅਨੁਸਾਰ ਕੋਲਡ ਚੇਨ ਮੇਨਟੇਨ ਕਰਨ ਦੇ ਪ੍ਰਬੰਧ ਕੀਤੇ ਜਾਣ :-

ੳ. ਜ਼ਿਲ੍ਹਾ ਪੱਧਰ ਦੇ ਕੋਲਡ ਰੂਮਜ਼ ਨੂੰ ਚਾਲੂ ਹਾਲਤ ਵਿੱਚ ਰੱਖਿਆ ਜਾਵੇ।
ਅ. ਪਸ਼ੂ ਸੰਸਥਾ ਲੈਵਲ ਤੇ ਬੋਟਲ ਕੂਲਰਜ਼/ ਰੈਫਰਿਜਰੇਟਰਜ਼ ਨੂੰ ਚਾਲੂ ਹਾਲਤ ਵਿੱਚ ਰੱਖਿਆ ਜਾਵੇ।
ੲ. ਪਸ਼ੂ ਪਾਲਕਾਂ ਦੇ ਘਰ ਤੱਕ ਕੋਲਡ ਚੇਨ ਤਹਿਤ ਵੈਕਸੀਨ ਲੈ ਕੇ ਜਾਣ ਲਈ ਲੋੜੀਂਦੇ ਵੈਕਸੀਨ ਕੈਰੀਅਰਜ਼ ਦੇ ਪ੍ਰਬੰਧ ਕੀਤੇ ਜਾਣ।

2. ਐਫ.ਐਮ.ਡੀ. ਵੈਕਸੀਨ ਮੁਫ਼ਤ ਲਗਾਈ ਜਾਂਦੀ ਹੈ ਅਤੇ ਹਰ ਪਸ਼ੂ ਨੂੰ ਨਵੀਂ ਸੂਈ ਅਤੇ ਨਵੀਂ ਸਰਿੰਜ ਵਰਤ ਕੇ ਵੈਕਸੀਨੇਸ਼ਨ ਕੀਤੀ ਜਾਂਦੀ ਹੈ, ਇਸ ਲਈ ਜੇਕਰ ਹੁਣ ਤੱਕ ਆਪ ਵੱਲੋਂ ਆਪਣੇ ਜ਼ਿਲ੍ਹੇ ਲਈ ਲੋੜੀਂਦੀਆਂ ਸਰਿੰਜਾਂ ਅਤੇ ਨੀਡਲਾਂ procure ਨਹੀਂ ਕੀਤੀਆਂ ਗਈਆਂ ਹਨ, ਤਾਂ ਤੁਰੰਤ procure ਕਰ ਲਈਆਂ ਜਾਣ। ਇਸ ਮੰਤਵ ਲਈ ਪਹਿਲਾਂ ਹੀ ਆਪ ਨੂੰ ਐਫ਼.ਐਮ.ਡੀ ਸੀ.ਪੀ. ਸਕੀਮ ਅਧੀਨ ਲੋੜੀਂਦਾ ਬਜਟ ਉਪਲਬਧ ਕਰਵਾ ਦਿੱਤਾ ਗਿਆ ਸੀ।

3. ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਐਫ.ਐਮ.ਡੀ. ਵੈਕਸੀਨੇਸ਼ਨ ਦਾ ਕੰਮ 4 ਹਫਤਿਆਂ ਦੇ ਅੰਦਰ-ਅੰਦਰ ਮੁਕੰਮਲ ਕੀਤਾ ਜਾਣਾ ਹੈ, ਇਸ ਲਈ ਵੈਕਸੀਨੇਸ਼ਨ ਟੀਮਾਂ ਦਾ ਗਠਨ ਕਰਕੇ ਸਮੂਹ ਸੀਨੀਅਰ ਵੈਟਨਰੀ ਅਫਸਰਾਂ ਅਧੀਨ ਪੈਂਦੀਆਂ ਪਸ਼ੂ ਸੰਸਥਾਵਾਂ ਦਾ ਦਿਨ-ਵਾਰ ਰੋਸਟਰ ਤਿਆਰ ਕਰ ਲਿਆ ਜਾਵੇ ਅਤੇ ਰੋਸਟਰ ਅਨੁਸਾਰ ਜਿਲ੍ਹੇ ਵਿੱਚ ਸਥਾਪਿਤ ਕੀਤੀਆਂ ਗਈਆਂ ਟੀਮਾਂ ਦੁਆਰਾ ਸਮਾਂ ਬੱਧ ਤਰੀਕੇ ਨਾਲ ਵੈਕਸੀਨੇਸਨ ਕਰਵਾਉਣੀ ਯਕੀਨੀ ਬਣਾਈ ਜਾਵੇ। ਤਿਆਰ ਕੀਤੇ ਰੋਸਟਰ ਅਤੇ ਗਠਿਤ ਟੀਮਾਂ ਦਾ ਵੇਰਵਾ ਇਸ ਦਫਤਰ ਨੂੰ ਵੀ ਭੇਜਿਆ ਜਾਵੇ।

4. ਸਮੂਹ ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਖੁਦ ਅਤੇ ਆਪਣੇ ਅਧੀਨ ਆਉਂਦੇ ਸਹਾਇਕ ਡਾਇਰੈਕਟਰ, ਪਸ਼ੂ ਪਾਲਣ ਅਤੇ ਸੀਨੀਅਰ ਵੈਟਨਰੀ ਅਫਸਰਾਂ ਰਾਹੀਂ ਆਪਣੇ ਜਿਲ੍ਹੇ ਵਿੱਚ ਕੀਤੇ ਜਾਣ ਵਾਲੇ ਵੈਕਸੀਨੇਸ਼ਨ ਦੇ ਕੰਮ ਦੀ ਚੈਕਿੰਗ ਕਰਨਗੇ/ਕਰਵਾਉਣਗੇ। ਉਸ ਉਪਰੰਤ ਇਸ ਦਫਤਰ ਵੱਲੋਂ ਕੀਤੇ ਗਏ ਵੈਕਸੀਨੇਸ਼ਨ ਦੇ ਕੰਮ ਦੀ ਕਰਾਸ ਚੈਕਿੰਗ ਕਰਵਾਈ ਜਾਵੇਗੀ।

5. ਐਫ.ਐਮ.ਡੀ. ਵੈਕਸੀਨੇਸ਼ਨ ਦੀ ਪਬਲੀਸਿਟੀ ਲਈ ਪਿੰਡਾ ਵਿੱਚ ਲਾਊਡ ਸਪੀਕਰਾਂ ਰਾਹੀਂ ਅਤੇ ਮੁਨਾਦੀ ਆਦਿ ਕਰਵਾਕੇ ਪ੍ਰਚਾਰ ਕਰਵਾਉਣ ਹਿੱਤ ਆਪਣੇ ਅਧੀਨ ਆਉਂਦੇ ਵੀ.ਓਜ਼/ਵੀ.ਆਈਜ਼ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ।

6. ਭਾਰਤ ਸਰਕਾਰ ਦੁਆਰਾ ਰਾਜ ਵਿੱਚ ਰੋਜਾਨਾ ਕੀਤੀ ਜਾਂਦੀ ਵੈਕਸੀਨੇਸ਼ਨ ਦੀ ਰਿਪੋਰਟ ਮੰਗੀ ਜਾਂਦੀ ਹੈ,ਇਸ ਲਈ ਆਪਣੇ ਜਿਲ੍ਹੇ ਵਿੱਚ ਰੋਜਾਨਾ ਕੀਤੀ ਗਈ ਵੈਕਸੀਨੇਸ਼ਨ ਸਬੰਧੀ ਰਿਪੋਰਟ ਫੈਕਸ ਜਾਂ ਈ-ਮੇਲ (dahpunjab@gmail.com & dev.branch2016@gmail.com ) ਰਾਹੀਂ ਨੱਥੀ ਪ੍ਰੋਫਾਰਮੇ ਵਿੱਚ ਭਰਕੇ ਪ੍ਰਤੀ-ਦਿਨ ਇਸ ਦਫਤਰ ਨੂੰ ਭੇਜਣੀ ਯਕੀਣੀ ਬਣਾਈ ਜਾਵੇ ।

ਸਹੀ/-
ਡਾਇਰੈਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ।

Scanned by CamScanner

ਪਿੱਠ ਅੰਕਣ ਨੰਬਰ :1/1/2018-ਡੀ-1/ ਮਿਤੀ :-

ਇਸਦਾ ਇੱਕ ਉਤਾਰਾ ਸੰਯੁਕਤ ਡਾਇਰੈਕਟਰ, ਪਸ਼ੂ ਪਾਲਣ, ਆਰ.ਡੀ.ਡੀ.ਐਲ. ਜਲੰਧਰ ਨੂੰ ਘੱਲਦੇ ਹੋਏ ਲਿਖਿਆ ਜਾਂਦਾ ਹੈ ਕਿ ਵੈਕਸੀਨੇਸ਼ਨ ਦੇ ਕੰਮ ਦੀ ਆਪਣੀ ਪੱਧਰ ਤੇ ਮੌਨੀਟਰਿੰਗ ਕਰਨੀ ਯਕੀਨੀ ਬਣਾਈ ਜਾਵੇ।

ਸਹੀ/-
ਡਾਇਰੈਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ।

ਪਿੱਠ ਅੰਕਣ ਨੰਬਰ :1/1/2018-ਡੀ-1/ ਮਿਤੀ :-

ਇਸਦਾ ਇੱਕ ਉਤਾਰਾ ਨਿ.ਸ./ਵ.ਮੁੱ.ਸ. ਪ.ਪ. ਨੂੰ ਮਾਨਯੋਗ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਜੀ ਦੀ ਸੂਚਨਾ ਹਿੱਤ ਘੱਲਿਆ ਜਾਂਦਾ ਹੈ।

ਸਹੀ/-
ਡਾਇਰੈਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ।

ਪਿੱਠ ਅੰਕਣ ਨੰਬਰ :1/1/2018-ਡੀ-1/ 5289-ਏ ਮਿਤੀ :- 7-3-2018

ਇਸਦਾ ਇੱਕ ਉਤਾਰਾ ਨੋਡਲ ਅਫਸਰ, ਵੈਬਸਾਈਟ ਐਂਡ ਐਪ ਮੈਨੇਜਮੈਂਟ ਸੈੱਲ, ਸਦਰ ਦਫਤਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਹਦਾਇਤਾਂ ਨੂੰ ਵਿਭਾਗ ਦੀ ਵੈਬਸਾਈਟ ਤੇ ਅੱਪਲੋਡ ਕਰਨ ਦੀ ਖੇਚਲ ਕੀਤੀ ਜਾਵੇ ।

ਡਾਇਰੈਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ।

Scanned by CamScanner